ਰਿਹਾਇਸ਼ (ਹਾਊਜ਼ਿੰਗ) ਬਾਰੇ ਬਾਰ ਬਾਰ ਪੁੱਛੇ ਜਾਣ ਵਾਲੇ ਪ੍ਰਸ਼ਨ

Frequently asked questions about Housing

ਇਹ ਜਾਣਕਾਰੀ ਇੰਗਲੈਂਡ ਅਤੇ ਵੇਲਜ਼ ਵਿਚ ਲਾਗੂ ਹੁੰਦੀ ਹੈ

ਮੈਨੂੰ ਕਾਉਂਟੀ ਕੋਰਟ ਵਲੋਂ ਘਰ ਵਾਪਸ ਲੈ ਲਏ ਜਾਣ ਦਾ ਦਾਅਵਾ ਮਿਲਿਆ ਹੈ, ਕਿਉਂਕ ਮੈਂ ਆਪਣਾ ਕਿਰਾਇਆ ਨਹੀਂ ਭਰਿਆ। ਮੈਂ ਕੀ ਕਰ ਸਕਦਾ/ਸਕਦੀ ਹਾਂ? 2

ਮੈਂ ਜਦ ਕਿਰਾਏ 'ਤੇ ਲਏ ਆਪਣੇ ਘਰ ਵਿਚ ਆਇਆ ਸੀ, ਤਾਂ ਮੈਂ ਡਿਪੌਜ਼ਿਟ ਦਿੱਤਾ ਸੀ। ਮੈਂ ਹੁਣ ਉਹ ਘਰ ਛੱਡ ਦਿੱਤਾ ਹੈ ਪਰ ਮਕਾਨ ਮਾਲਕ ਮੇਰਾ ਡਿਪੌਜ਼ਿੱਟਵਾਪਸ ਨਹੀਂ ਕਰ ਰਿਹਾ। ਮੈਂ ਕੀ ਕਰ ਸਕਦਾ/ਸਕਦੀ ਹਾਂ? ਹਾਂ? 3

ਮੈਨੂੰ ਆਪਣਾ ਪਹਿਲਾ ਘਰ ਛੱਡਣਾ ਪਿਆ ਸੀ ਅਤੇ ਹੁਣ ਮੇਰੇ ਕੋਲ ਰਹਿਣ ਲਈ ਕੋਈ ਥਾਂ ਨਹੀਂ ਹੈ। ਕੀ ਸਥਾਨਕ ਕਾਉਂਸਿਲ ਨੂੰ ਮੈਨੂੰ ਰਹਿਣੇ ਲਈ ਘਰ ਦੇਣਾ ਪਵੇਗਾ? 4

ਮੈਂ ਬਹੁਤ ਚਿਰ ਤੋਂ ਕਾਉਂਸਿਲ ਦੇ ਘਰ ਲਈ ਵੇਟਿੰਗ ਲਿਸਟ 'ਤੇ ਹਾਂ। ਇਹ ਕੰਮ ਛੇਤੀਂ ਹੋ ਜਾਣ ਲਈ ਮੈਂ ਕੀ ਕਰ ਸਕਦਾ/ਸਕਦੀ ਹਾਂ? 6

ਜਿਹੜਾ ਘਰ ਮੈਂ ਕਿਰਾਏ 'ਤੇ ਲਿਆ ਹੋਇਆ ਹੈ, ਉਸ ਵਿਚ ਸਲ੍ਹਾਬਾ ਬਹੁਤ ਹੈ। ਮੈਂ ਮਕਾਨ ਮਾਲਕ ਨੂੰ ਦੱਸਿਆ ਹੈ, ਪਰ ਉਸ ਨੇ ਇਸ ਬਾਰੇ ਕੁਝ ਨਹੀਂ ਕੀਤਾ। ਇਸ ਤੋਂ ਇਲਾਵਾ ਮੈਂ ਕੀ ਕਰ ਸਕਦਾ/ ਸਕਦੀ ਹਾਂ? 6

ਮੈਂ ਇਕ ਲੀਜ਼ਹੋਲਡਰ ਹਾਂ ਅਤੇ ਮੈਂ ਸਾਲਾਨਾ ਸਰਵਿਸ ਚਾਰਜ ਭਰਦੀ ਹਾਂ। ਇਹ ਫ਼ਰੀਹੋਲਡਰ ਇਮਾਰਤ ਦੀ ਮੁਰੰਮਤ ਦਾ ਖ਼ਰਚਾ ਪੂਰਾ ਕਰਨ ਲਈ ਆਪਣਾ ਚਾਰਜ ਵਧਾਉਣਾ ਚਾਹੁੰਦਾ ਹੈ। ਕੀ ਮੈਨੂੰ ਇਹ ਦੇਣਾ ਪਵੇਗਾ? 8

ਮੈਂ ਆਪਣਾ ਫ਼ਲੈਟ ਪ੍ਰਾਈਵੇਟ ਕਿਰਾਏ 'ਤੇ ਲਿਆ ਹੋਇਆ ਹੈ ਅਤੇ ਮਕਾਨ ਮਾਲਕ ਕਿਰਾਇਆ ਵਧਾਉਣਾ ਚਾਹੁੰਦਾ ਹੈ। ਕੀ ਉਹ ਇੰਝ ਕਰ ਸਕਦਾ ਹੈ? 9

ਮੈਂ ਇਕ ਘਰ ਖ਼ਰੀਦਣ ਲਈ ਮੌਰਟਗੇਜ ਲੈਣੀ ਚਾਹੁੰਦਾ ਹਾਂ। ਮੈਨੂੰ ਕੀ ਜਾਨਣੇ ਦੀ ਲੋੜ ਹੈ? 10

ਜਿਹੜੇ ਬਲੌਕ ਔਫ਼ ਫ਼ਲੈਟਸ ਵਿਚ ਮੈਂ ਰਹਿੰਦਾ ਹਾਂ ਉਸ ਨੂੰ ਚਲਾਉਂਣ ਬਾਰੇ ਮੈਂ ਆਪਣੇ ਵਿਚਾਰ ਪ੍ਰਗਟ ਕਰਨਾ ਚਾਹੁੰਦਾ ਹਾਂ। ਮੈਂ ਇਹ ਕਿਸ ਤਰ੍ਹਾਂ ਕਰ ਸਕਦਾ ਹਾਂ? 11

ਮੇਰੇ ਪਾਸ ਐਨਡਾਓਮੈਂਟ ਮੌਰਟਗੇਜ ਹੈ ਅਤੇ ਮੈਨੂੰ ਦੱਸਿਆ ਗਿਆ ਹੈ ਕਿ ਮੇਰੀ ਮੌਰਟਗੇਜ ਦੀ ਟਰਮ ਖ਼ਤਮ ਹੋਣ ਤੇ ਮੇਰੇ ਪਾਸ ਇੰਨੇ ਪੈਸੇ ਨਹੀਂ ਹੋਣਗੇ ਕਿ ਮੈਂ ਮਕਾਨ ਦੇ ਪੈਸੇ ਚੁੱਕਾ ਸਕਾਂ। ਮੈਂ ਕੀ ਕਰ ਸਕਦਾ ਹਾਂ? 12

Copyright © 2002 Citizens Advice All rights reserved
Registered charity no: 279057 Company no: 1436945 England

ਮੈਨੂੰ ਕਾਉਂਟੀ ਕੋਟ ਵਲੋਂ ਘਰ ਵਾਪਸ ਲਏ ਜਾਣ ਦਾ ਦਾਅਵਾ ਮਿਲਿਆ ਹੈ, ਕਿਉਂਕਿ ਮੈਂ ਆਪਣਾ ਕਿਰਾਇਆ ਨਹੀਂ ਭਰਿਆ। ਮੈਂ ਕੀ ਕਰ ਸਕਦਾ/ਸਕਦੀ ਹਾਂ ?

ਜੇ ਤੁਸੀਂ ਆਪਣਾ ਕਿਰਾਇਆ ਨਹੀਂ ਭਰਦੇ ਤਾਂ ਤੁਹਾਡੇ ਮਕਾਨ ਮਾਲਕ ਨੂੰ ਹੱਕ ਹੈ ਕਿ ਉਹ ਤੁਹਾਨੂੰ ਘਰ ਖਾਲੀ ਕਰਨ ਲਈ ਕੋਰਟ ਨੂੰ ਆਖ਼ ਸਕਦਾ ਹੈ। ਜੇ ਘਰ ਵਾਪਸ ਲੈ ਲਏ ਜਾਣ ਦਾ ਦਾਅਵਾ ਮਿਲਿਆ ਹੈ ਅਤੇ ਜੇ ਤੁਸੀਂ ਆਪਣੇ ਘਰ ਵਿਚ ਰਹਿਣੇ ਲਈ ਜਤਨ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਛੇਤੀਂ ਕੁੱਝ ਕਰਨਾ ਚਾਹੀਦਾ ਹੈ।

ਤੁਹਾਡੀ ਆਮਦਨ ਘੱਟ ਹੋਣ ਕਰ ਕੇ, ਜੇ ਤੁਸੀਂ ਕਿਰਾਇਆ ਨਹੀਂ ਭਰ ਸਕਦੇ ਤਾਂ ਤੁਸੀਂ ਹਾਊਜ਼ਿੰਗ ਬੈਨਿਫ਼ਿਟ ਕਲੇਮ ਕਰ ਕੇ ਅਦਾਇਗੀਆਂ ਕਰਨ ਵਿਚ ਕੁੱਝ ਮਦਦ ਲੈਣ ਜੋਗੇ ਹੋ ਸਕਦੇ ਹੋ।

ਜੇ ਤੁਸੀਂ ਕਿਰਾਇਆ ਭਰ ਸਕਦੇ ਹੋ ਅਤੇ ਬਕਾਇਆ ਰਕਮ ਥੋੜੀ ਥੋੜੀ ਕਰ ਕੇ ਅਦਾ ਕਰ ਸਕਦੇ ਹੋ, ਤਾਂ ਤੁਹਾਨੂੰ ਆਪਣੇ ਮਕਾਨ ਮਾਲਕ ਨਾਲ ਗੱਲ ਕਰਨੀ ਚਾਹੀਦੀ ਹੈ। ਹੋ ਸਕਦਾ ਹੈ ਕਿ ਤੁਹਾਡਾ ਮਕਾਨ ਮਾਲਕ ਤੁਹਾਡੇ ਨਾਲ ਕੋਈ ਸਮਝੌਤਾ ਕਰਨ ਲਈ ਅਤੇ ਕੋਰਟ ਦੀ ਕਾਰਵਾਈ ਬੰਦ ਕਰਨ ਲਈ ਰਾਜ਼ੀ ਹੋਵੇ। ਇਹ ਜ਼ਰੂਰੀ ਹੈ ਕਿ ਤੁਸੀਂ ਮਨਜ਼ੂਰ ਕੀਤੀਆਂ ਗਈਆਂ ਅਦਾਇਗੀਆਂ ਨੇਮ ਨਾਲ ਭਰੋ।

ਜੇ ਮਕਾਨ ਮਾਲਕ ਤੁਹਾਡੀਆਂ ਅਦਾਇਗੀਆਂ ਲੈਣ ਲਈ ਸਹਿਮਤ ਨਾ ਹੋਵੇ, ਤਾਂ ਤੁਹਾਨੂੰ ਦਾਅਵੇ ਦਾ ਜਵਾਬ ਦੇਣਾ ਚਾਹੀਦਾ ਹੈ ਅਤੇ ਕੋਰਟ ਦੀ ਸੁਣਵਾਈ ਵੇਲੇ ਪਹੁੰਚਣਾ ਚਾਹੀਦਾ ਹੈ। ਜੇ ਤੁਸੀਂ ਕੋਈ ਢੁੱਕਵੀਂ ਅਦਾਇਗੀ ਦਾ ਪ੍ਰਸਤਾਵ ਕਰ ਸਕਦੇ ਹੋ, ਤਾਂ ਕੋਰਟ ਸ਼ਾਇਦ ਸਵੀਕਾਰ ਕਰ ਲਵੇ ਅਤੇ ਤੁਹਾਨੂੰ ਆਪਣੇ ਘਰ ਵਿਚ ਰਹਿਣ ਦੀ ਇਜਾਜ਼ਤ ਦੇਵੇ। ਜੇ ਕੋਰਟ ਤੁਹਾਡਾ ਪ੍ਰਸਤਾਵ ਨਹੀਂ ਮੰਨਦਾ ਤਾਂ ਤੁਹਾਨੂੰ ਇਕ ਤਰੀਕ ਦਿੱਤੀ ਜਾਵੇਗੀ ਜਿਸ ਤਕ ਤੁਹਾਨੂੰ ਆਪਣਾ ਘਰ ਛੱਡ ਦੇਣਾ ਪਵੇਗਾ। ਮਕਾਨ ਮਾਲਕ ਦਾ ਜੋ ਬਕਾਇਆ ਕਿਰਾਇਆ ਰਹਿੰਦਾ ਹੈ ਉਹ ਤੁਹਾਨੂੰ ਦੇਣਾ ਪਵੇਗਾ, ਉਸ ਵਿਚ ਕੋਰਟ ਦਾ ਖ਼ਰਚਾ ਵੀ ਜੋੜ ਦਿੱਤਾ ਜਾਵੇਗਾ।

Copyright © 2002 Citizens Advice All rights reserved
Registered charity no: 279057 Company no: 1436945 England

ਮੈਂ ਜਦ ਕਿਰਾਏ ’ਤੇ ਲਏ ਆਪਣੇ ਘਰ ਵਿਚ ਆਇਆ ਸੀ, ਤਾਂ ਮੈਂ ਡਿਪੌਜ਼ਿਟ ਦਿੱਤਾ ਸੀ। ਮੈਂ ਹੁਣ ਉਹ ਘਰ ਛੱਡ ਦਿੱਤਾ ਹੈ ਪਰ ਮਕਾਨ ਮਾਲਕ ਮੇਰਾ ਡਿਪੌਜ਼ਿਟ ਵਾਪਸ ਨਹੀਂ ਕਰ ਰਿਹਾ। ਮੈਂ ਕੀ ਕਰ ਸਕਦਾ ਹਾਂ ?

ਡਿਪੌਜ਼ਿਟ ਆਮ ਤੌਰ ’ਤੇ ਮਕਾਨ ਮਾਲਕ ਜਾਂ ਕਿਰਾਏ ’ਤੇ ਘਰ ਦੇਣ ਵਾਲੀ ਏਜੰਸੀ ਨੂੰ ਕਿਰਾਏਦਾਰੀ ਦੇ ਸ਼ੁਰੂ ਵਿਚ ਦਿੱਤਾ ਜਾਂਦਾ ਹੈ। ਜਦੋਂ ਕਿਰਾਏਦਾਰੀ ਖ਼ਤਮ ਹੋ ਜਾਂਦੀ ਹੈ ਤਾਂ ਮਕਾਨ ਮਾਲਕ ਜਾਂ ਕਿਰਾਏ ’ਤੇ ਘਰ ਦੇਣ ਵਾਲੀ ਏਜੰਸੀ ਪ੍ਰੌਪਰਟੀ ਨੂੰ ਚੈੱਕ ਕਰਦੀ ਹੈ ਅਤੇ ਉਹ ਪ੍ਰੌਪਰਟੀ ਨੂੰ ਹੋਏ ਕਿਸੇ ਵੀ ਤਰ੍ਹਾਂ ਦੇ ਨੁਕਸਾਨ, ਜਿਵੇਂ ਕਿ ਕਿਰਾਏ ਦਾ ਬਕਾਇਆ, ਪ੍ਰੌਪਰਟੀ ਜਾਂ ਫ਼ਰਨੀਚਰ ਨੂੰ ਕੀਤੇ ਗਏ ਨੁਕਸਾਨ ਜਾਂ ਗੁਆਚੀਆਂ ਚੀਜ਼ਾਂ ਵਰਗੇ ਘਾਟੇ ਨੂੰ ਪੂਰਾ ਕਰਨ ਲਈ ਡਿਪੌਜ਼ਿਟ ਵਿਚੋਂ ਪੈਸੇ ਕੱਟ ਸਕਦੀ ਹੈ। ਪਰ ਸਹੀ ਟੁੱਟ ਭੱਜ ਲਈ ਕੋਈ ਕਟੌਤੀ ਨਹੀਂ ਕੀਤੀ ਜਾਣੀ ਚੀਹੀਦੀ।

ਜੇ ਮਕਾਨ ਮਾਲਕ ਡਿਪੌਜ਼ਿਟ ਵਾਪਸ ਨਹੀਂ ਕਰਦਾ ਜਾਂ ਜੇ ਤੁਸੀਂ ਕੱਟੀ ਰਕਮ ਨਾਲ ਸਹਿਮਤ ਨਾ ਹੋਵੋ, ਤਾਂ ਤੁਹਾਨੂੰ ਮਕਾਨ ਮਾਲਕ ਨਾਲ ਸਮਝੌਤਾ ਕਰਨੇ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਜੇ ਇੰਝ ਗੱਲ ਨਹੀਂ ਬਣਦੀ, ਤਾਂ ਤੁਸੀਂ ਮਕਾਨ ਮਾਲਕ ਦੇ ਖ਼ਿਲਾਫ਼ ਕਾਉਂਟੀ ਕੋਰਟ ਵਿਚ ਕਾਰਵਾਈ ਕਰਨ ਤੇ ਗੌਰ ਕਰ ਸਕਦੇ ਹੋ।

Copyright © 2002 Citizens Advice All rights reserved
Registered charity no: 279057 Company no: 1436945 England

ਮੈਨੂੰ ਆਪਣਾ ਪਹਿਲਾ ਘਰ ਛੱਡਣਾ ਪਿਆ ਸੀ ਅਤੇ ਹੁਣ ਮੇਰੇ ਕੋਲ ਰਹਿਣ ਲਈ ਕੋਈ ਥਾਂ ਨਹੀਂ ਹੈ। ਕੀ ਲੋਕਲ ਕਾਉਂਸਿਲ ਨੂੰ ਮੈਨੂੰ ਰਹਿਣੇ ਲਈ ਘਰ ਦੇਣਾ ਪਵੇਗਾ ?

ਸਥਾਨਕ ਅਥੌਰਿਟੀਜ਼ ਦਾ ਕਾਨੂੰਨੀ ਤੌਰ ਤੇ ਫ਼ਰਜ਼ ਹੈ ਕਿ ਉਹ ਬਹੁਤ ਸਾਰੇ ਇਹੋ ਜਿਹੇ ਲੋਕਾਂ ਦੀ ਮਦਦ ਕਰਨ ਜੋ ਬੇਘਰ ਹਨ, ਪਰ ਜ਼ਰੂਰੀ ਨਹੀਂ ਹੈ ਕਿ ਉਹ ਹਰ ਇੱਕ ਨੂੰ ਰਿਹਾਇਸ਼ ਦੇਣ। ਜੇ ਤੁਸੀਂ ਹੁਣੇ ਹੁਣੇ ਯੂ.ਕੇ ਵਿਚ ਪੁੱਜੇ ਹੋ ਜਾਂ ਬਾਹਰਲੇ ਦੇਸ ਵਿਚ ਰਹਿ ਕੇ ਵਾਪਸ ਆਏ ਹੋ ਤਾਂ ਹੋ ਸਕਦਾ ਹੈ ਕਿ ਤੁਸੀਂ ਰੀ-ਹਾਊਸ (ਦੁਬਾਰਾ ਘਰ ਦੇਣ ਦੇ) ਕੀਤੇ ਜਾਣ ਦੇ ਪਾਤਰ ਨਾ ਹੋਵੋ। ਸਥਾਨਕ ਅਥੌਰਿਟੀ ਚੈੱਕ ਕਰੇਗੀ ਕਿ ਤੁਸੀਂ ਅਸਲ ਵਿਚ ਬੇਘਰ ਹੋ ਜਾਂ ਬੇਘਰ ਹੋਣ ਵਾਲੇ ਹੋ। ਜੇ ਤੁਹਾਡੇ ਕੋਲ ਕਿਸੇ ਹੋਰ ਥਾਂ ਕੋਈ ਇਕ ਘਰ ਹੈ, ਜਿੱਥੇ ਤੁਸੀਂ ਠੀਕ ਠਾਕ ਰਹਿ ਸਕਦੇ ਹੋਵੋ, ਤਾਂ ਤੁਹਾਨੂੰ ਇਕ ਬੇਘਰ ਵਜੋਂ ਨਹੀਂ ਜਾਣਿਆ ਜਾਵੇਗਾ। ਲੋਕਲ ਅਥੌਰਿਟੀ ਨੂੰ ਇਹ ਫ਼ੈਸਲਾ ਵੀ ਕਰਨਾ ਪਵੇਗਾ ਕਿ ਕੀ ਤੁਸੀਂ ਜਾਂ ਤੁਹਾਡੇ ਪਰਿਵਾਰ ਵਿਚ ਕੋਈ ਨਿਰਬਲ ਤਾਂ ਨਹੀਂ। ਇਸ ਨੂੰ ਪਹਿਲਤਾ ਦੀ ਲੋੜ ਵਿਚ ਹੋਣਾ ਆਖ਼ਦੇ ਹਨ।

ਜੇ ਕਰ ਤੁਸੀਂ ਗਰਭਵਤੀ ਹੋ ਜਾਂ ਤੁਹਾਡੇ ਛੋਟੇ ਛੋਟੇ ਬੱਚੇ ਹਨ, ਤੁਸੀਂ 16 ਜਾਂ 17 ਸਾਲਾ ਯੁਵਕ ਹੋ ਜਾਂ ਤੁਸੀਂ 18, 19 ਜਾਂ 20 ਸਾਲਾ ਯੁਵਕ ਹੋ ਜਿਨ੍ਹਾਂ ਦੀ ਹੁਣੇ ਹੁਣੇ ਸੋਸ਼ਲ ਸੇਵਾਵਾਂ ਦੇਖ ਭਾਲ ਕਰਦੀਆਂ ਰਹੀਆਂ ਹੋਣ, ਤਾਂ ਤੁਹਾਨੂੰ ਪਹਿਲਤਾ ਦੇਣ ਦੀ ਲੋੜ ਹੋਵੇਗੀ। ਜੇ ਅੱਗ ਲੱਗਣ ਜਾਂ ਹੜ੍ਹ ਵਰਗੇ ਸੰਕਟ ਨਾਲ ਤੁਹਾਡੇ ਘਰ ਉੱਤੇ ਅਸਰ ਹੋਇਆ ਹੋਵੇ, ਤੁਸੀਂ ਤਾਂ ਵੀ ਪਹਿਲਤਾ ਦੇਣ ਦੀ ਲੋੜ ਵਿਚ ਆ ਸਕਦੇ ਹੋ। ਤੁਸੀਂ ਪਹਿਲਤਾ ਦੇਣ ਦੀ ਲੋੜ ਵਿਚ ਤਾਂ ਵੀ ਹੋ ਸਕਦੇ ਹੋ, ਜੇ ਤੁਸੀਂ ਫੌਜ ਵਿਚ ਜਾਂ ਜੇਲ੍ਹ ਵਿਚ ਸੀ ਜਾਂ ਘਰੇਲੂ ਹਿੰਸਾ ਕਾਰਨ ਤੁਹਾਨੂੰ ਆਪਣਾ ਪਹਿਲਾ ਘਰ ਛੱਡਣਾ ਪਿਆ ਸੀ। ਤੁਸੀਂ ਵਡੇਰੀ ਉਮਰ ਜਾਂ ਮਾੜੀ ਮਾਨਸਕ ਜਾਂ ਸਰੀਰਕ ਸਿਹਤ ਕਾਰਨ ਵੀ ਪਹਿਲਤਾ ਦੇਣ ਦੀ ਲੋੜ ਵਿਚ ਹੋ ਸਕਦੇ ਹੋ।

ਜਾਣ ਬੁੱਝ ਕੇ ਕੁੱਝ ਕਰ ਕੇ ਜਾਂ ਕੁੱਝ ਨਾ ਕਰਨ ਕਾਰਨ ਤੁਸੀਂ ਆਪਣਾ ਘਰ ਨਹੀਂ ਗਵਾਇਆ ਹੋਣਾ ਚਾਹੀਦਾ। ਉਦਾਹਰਣ ਲਈ, ਜੇ ਸਮਾਜ ਵਿਰੋਧੀ ਵਿਹਾਰ ਕਰਨ ਦੇ ਕਾਰਨ ਤੁਹਾਨੂੰ ਆਪਣੇ ਘਰ ਵਿਚੋਂ ਕੱਢਿਆ ਗਿਆ ਹੋਵੇ, ਤਾਂ ਤੁਹਾਨੂੰ ਜਾਣ ਬੁੱਝ ਕੇ ਬੇ ਘਰ ਹੋਇਆਂ ਦੀ ਸ਼੍ਰੇਣੀ ਵਿਚ ਰੱਖਿਆ ਜਾ ਸਕਦਾ ਹੈ। ਲੋਕਲ ਅਥੌਰਿਟੀ ਚੈੱਕ ਕਰੇਗੀ ਕਿ ਕੀ ਲੋਕਲ ਇਲਾਕੇ ਨਾਲ ਤੁਹਾਡਾ ਕੋਈ ਨਾਤਾ ਹੈ। ਇਹ ਨਾਤਾ ਤਾਂ ਹੀ ਹੋ ਸਕਦਾ ਹੈ, ਜੇ ਤੁਸੀਂ ਉਥੇ ਰਹਿੰਦੇ ਹੋ, ਕੰਮ ਕਰਦੇ ਹੋ ਜਾਂ ਤੁਹਾਡਾ ਪਰਿਵਾਰ ਉਥੇ ਹੈ। ਜੇ ਉਹ ਫ਼ੈਸਲਾ ਕਰਨ ਕਿ ਤੁਹਾਡਾ ਲੋਕਲ ਨਾਤਾ ਕਿਸੇ ਦੂਜੇ ਇਲਾਕੇ ਨਾਲ ਹੈ ਤਾਂ ਉਹ ਤੁਹਾਡਾ ਹਵਾਲਾ ਉਸ ਲੋਕਲ ਅਥੌਰਿਟੀ ਨੂੰ ਦੇ ਸਕਦੇ ਹਨ।

Copyright © 2002 Citizens Advice All rights reserved
Registered charity no: 279057 Company no: 1436945 England

ਹੋ ਸਕਦਾ ਹੈ, ਜਦ ਤਕ ਲੋਕਲ ਅਥੌਰਿਟੀ ਤੁਹਾਡੇ ਹਾਲਾਤ ਦੀ ਛਾਣ ਬੀਣ ਕਰਦੀ ਹੈ, ਉਹ ਤੁਹਾਨੂੰ ਆਰਜ਼ੀ ਰਿਹਾਇਸ਼ ਦੇ ਦੇਵੇ। ਜੇ ਪਤਾ ਲੱਗਦਾ ਹੈ ਕਿ ਤੁਸੀਂ ਬੇਘਰ ਹੋ ਅਤੇ ਪਹਿਲਤਾ ਦੇਣ ਦੀ ਲੋੜ ਵਿਚ ਹੋ (ਜਾਣ ਬੁੱਝ ਕੇ ਬੇਘਰ ਨਹੀਂ ਹੋਏ ਹੋ), ਤਾਂ ਲੋਕਲ ਅਥੌਰਿਟੀ ਨੂੰ ਤੁਹਾਡੇ ਲਈ ਢੁੱਕਵੀਂ ਉਪਲਬਧ ਰਿਹਾਇਸ਼ ਭਾਲਣ ਵਿਚ ਮਦਦ ਕਰਨੀ ਜਾਂ ਤੁਹਾਡੇ ਲਈ ਰਿਹਾਇਸ਼ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਰਿਹਾਇਸ਼ ਤੁਹਾਡੇ ਲਈ ਘੱਟੋ ਘੱਟ ਦੋ ਵਰ੍ਹਿਆਂ ਤੱਕ ਰਹਿਣੇ ਲਈ ਉਪਲਬਧ ਹੋਣੀ ਚਾਹੀਦੀ ਹੈ ਪਰ ਜ਼ਰੂਰੀ ਨਹੀਂ ਕਿ ਉਹ ਤੁਹਾਨੂੰ ਪੱਕੀ ਰਿਹਾਇਸ਼ ਦੇਣ। ਫਿਰ ਵੀ, ਪੱਕੀ ਰਿਹਾਇਸ਼ ਲਈ ਤੁਸੀਂ ਆਪਣਾ ਨਾਂ ਦਰਜ ਕਰਵਾਉਣ ਦੇ ਯੋਗ ਹੋਣੇ ਚਾਹੀਦੇ ਹੋ।

Copyright © 2002 Citizens Advice All rights reserved
Registered charity no: 279057 Company no: 1436945 England

ਮੈਂ ਬਹੁਤ ਚਿਰ ਤੋਂ ਕਾਉਂਸਿਲ ਦੇ ਘਰ ਲਈ ਵੇਟਿੰਗ ਦੀ ਲਿਸਟ ਉੱਤੇ ਹਾਂ। ਇਹ ਕੰਮ ਛੇਤੀਂ ਹੋ ਜਾਣ ਲਈ ਮੈਂ ਕੀ ਕਰ ਸਕਦਾ/ ਦੀ ਹਾਂ ?

ਸਾਰੀਆਂ ਲੋਕਲ ਅਥੌਰਿਟੀਆਂ ਨੂੰ ਇਕ ਹਾਊਜ਼ਿੰਗ ਰਜਿਸਟਰ ਰੱਖਣਾ ਪੈਂਦਾ ਹੈ, ਜੋ ਉਨ੍ਹਾਂ ਲੋਕਾਂ ਦੀ ਲਿਸਟ ਹੁੰਦੀ ਹੈ ਜਿਨ੍ਹਾਂ ਨੇ ਹਾਊਜ਼ਿੰਗ ਲਈ ਅਰਜ਼ੀ ਦਿੱਤੀ ਹੈ ਅਤੇ ਅਥੌਰਿਟੀ ਵਲੋਂ ਰਿਹਾਇਸ਼ ਦੇਣ ਦੇ ਪਾਤਰ ਮੰਨਿਆ ਗਿਆ ਹੋਵੇ। ਲੋਕਲ ਅਥੌਰਿਟੀ ਨਾਲ ਰਜਿਸਟਰ ਹੋਣ ਲਈ ਅਰਜ਼ੀ ਕਿਸ ਤਰ੍ਹਾਂ ਦੇਣੀ ਹੈ, ਪ੍ਰੌਪਰਟੀਆਂ ਨਿਰਧਾਰਤ ਕਿਵੇਂ ਕੀਤੀਆਂ ਜਾਂਦੀਆਂ ਹਨ ਅਤੇ ਰਜਿਸਟਰ ਤੋਂ ਨਾਂ ਕਿਵੇਂ ਕੱਟੇ ਜਾਂਦੇ ਹਨ, ਬਾਰੇ ਵੇਰਵਾ ਪ੍ਰਕਾਸ਼ਤ ਕਰਨਾ ਚਾਹੀਦਾ ਹੈ। ਪ੍ਰੌਪਰਟੀਆਂ ਨਿਰਧਾਰਤ ਕਰਨ ਦੀ ਹਰੇਕ ਲੋਕਲ ਅਥੌਰਿਟੀ ਦੀ ਆਪਣੀ ਇਕ ਸਕੀਮ ਹੁੰਦੀ ਹੈ ਪਰ ਕਾਨੂੰਨ ਕਹਿੰਦਾ ਹੈ ਕਿ ਕੁਝ ਇਕ ਲੋਕਾਂ ਨੂੰ ਰਿਹਾਇਸ਼ ਦੇਣ ਵਿਚ ਪਹਿਲ ਦਿੱਤੀ ਜਾਣੀ ਚਾਹੀਦੀ ਹੈ। ਇਸ ਵਿਚ ਉਹ ਲੋਕ ਜੋ ਭੀੜ ਵਾਲੀ ਥਾਂ ਵਿਚ ਜਾਂ ਗੁਸਲ ਦੀਆਂ ਭੈੜੀਆਂ ਹਾਲਾਤਾਂ ਵਿਚ ਰਹਿੰਦੇ ਹਨ, ਪਰਿਵਾਰ ਤੇ ਨਿਰਭਰ ਬੱਚੇ ਅਤੇ ਕਿਸੇ ਰੋਗ ਜਾਂ ਅਯੋਗਤਾ ਦੇ ਕਾਰਨ ਖ਼ਾਸ ਲੋੜਾਂ ਵਾਲੇ ਲੋਕ ਸ਼ਾਮਲ ਹਨ।

ਤੁਹਾਨੂੰ ਪੱਕਾ ਕਰਨਾ ਚਾਹੀਦਾ ਹੈ ਕਿ ਲੋਕਲ ਅਥੌਰਿਟੀ ਨੂੰ ਤੁਹਾਡੀਆਂ ਜਾਂ ਤੁਹਾਡੇ ਪਰਿਵਾਰ ਦੇ ਕਿਸੇ ਦੂਜੇ ਵਿਅਕਤੀ ਦੀਆਂ ਖ਼ਾਸ ਜ਼ਰੂਰਤਾਂ ਬਾਰੇ ਪਤਾ ਹੈ ਅਤੇ ਜੇ ਤੁਹਾਡੇ ਹਾਲਾਤ ਬਦਲ ਜਾਣ ਤਾਂ ਉਹਨਾਂ ਨੂੰ ਇਹ ਵੀ ਦੱਸੋ, ਜਿਵੇਂ ਕਿ ਜੇ ਕੋਈ ਨਵਾਂ ਬੱਚਾ ਪੈਦਾ ਹੋਵੇ ਜਾਂ ਤੁਹਾਡੇ ਪਰਿਵਾਰ ਵਿਚ ਕਿਸੇ ਨੂੰ ਕੋਈ ਰੋਗ ਜਾਂ ਅਯੋਗਤਾ (ਡਿਸਅਬਿਲੀਟੀ) ਹੋ ਜਾਵੇ।

ਜਿਹੜਾ ਘਰ ਮੈਂ ਕਿਰਾਏ ’ ਤੇ ਲਿਆ ਹੋਇਆ ਹੈ, ਉਸ ਵਿਚ ਸਲ੍ਹਾਬਾ ਬਹੁਤ ਹੈ। ਮੈਂ ਮਕਾਨ ਮਾਲਕ ਨੂੰ ਦੱਸਿਆ ਹੈ, ਪਰ ਉਸ ਨੇ ਇਸ ਬਾਰੇ ਕੁਝ ਨਹੀਂ ਕੀਤਾ। ਇਸ ਤੋਂ ਇਲਾਵਾ ਮੈਂ ਕੀ ਕਰ ਸਕਦਾ/ ਦੀ ਹਾਂ ?

ਇਕ ਕਿਰਾਏਦਾਰ ਵਜੋਂ ਤੁਹਾਡਾ ਹੱਕ ਹੈ ਕਿ ਤੁਹਾਡਾ ਮਾਲਕ ਮਕਾਨ ਤੁਹਾਡੇ ਘਰ ਦੇ ਢਾਂਚੇ ਦੀ ਮੁਰੰਮਤੀ ਹਾਲਤ ਠੀਕ ਠਾਕ ਰੱਖੇ। ਇਸ ਵਿਚ ਹੀਟਿੰਗ ਅਤੇ ਪਾਣੀ ਗਰਮ ਕਰਨ ਵਰਗੇ ਕੁੱਝ ਲਗਾਏ ਗਏ (ਇਨਸਟੌਲ ਕੀਤੇ) ਸਿਸਟਮ ਸ਼ਾਮਲ ਹਨ। ਅੰਦਰੂਨੀ ਸਜਾਵਟ ਅਤੇ ਇਕ ਬਲੌਕ ਹੋਏ ਸਿੰਕ ਦੀ ਮੁਰੰਮਤ ਵਰਗੀਆਂ ਛੋਟੀਆਂ ਮੋਟੀਆਂ ਮੁਰੰਮਤਾਂ ਦੇ ਜ਼ਿੰਮੇਵਾਰ ਅਕਸਰ ਤੁਸੀਂ ਆਪ ਹੋਵੋਗੇ। ਮੁਰੰਮਤਾਂ ਦਾ ਵੇਰਵਾ ਆਮ ਤੌਰ ’ਤੇ ਕਿਰਾਏਦਾਰੀ ਦੇ ਲਿਖਤੀ ਐਗਰੀਮੈਂਟ ਵਿਚ ਹੁੰਦਾ ਹੈ, ਜੋ ਮਕਾਨ ਮਾਲਕ ਅਤੇ ਕਿਰਾਏਦਾਰ ਦੀਆਂ ਜ਼ਿੰਮੇਦਾਰੀਆਂ ਦਾ ਵੇਰਵਾ ਦਿੰਦਾ

Copyright © 2002 Citizens Advice All rights reserved
Registered charity no: 279057 Company no: 1436945 England

ਹੈ। ਜੇ ਤੁਹਾਡੇ ਕੋਲ ਕਿਰਾਏਦਾਰੀ ਦਾ ਐਗਰੀਮੈਂਟ ਨਹੀਂ ਹੈ, ਕਾਨੂੰਨ ਤੁਹਾਨੂੰ ਤਾਂ ਵੀ ਕੁੱਝ ਮੂਲ ਹੱਕ ਦੇ ਸਕਦਾ ਹੈ। ਫਿਰ ਵੀ ਆਪਣੀਆਂ ਰਿਹਾਇਸ਼ੀ ਹਾਲਤਾਂ ਬਾਰੇ ਸ਼ਿਕਾਇਤ ਕਰਨ ਤੋਂ ਪਹਿਲਾਂ ਤੁਹਾਨੂੰ ਆਪਣੇ ਰਿਹਾਇਸ਼ ਦੇ ਰੁਤਬੇ ਬਾਰੇ ਪਤਾ ਕਰ ਲੈਣਾ ਚਾਹੀਦਾ ਹੈ, ਕਿਉਂਕਿ ਕੁੱਝ ਇਕ ਮਾਲਕ ਮਕਾਨ ਉਨ੍ਹਾਂ ਕਿਰਾਏਦਾਰਾਂ ਨੂੰ ਕੱਢਣ ਦਾ ਜਤਨ ਕਰਦੇ ਹਨ, ਜੋ ਮੁਰੰਮਤਾਂ ਕਰਵਾਉਣ ਲਈ ਆਪਣੇ ਕਾਨੂੰਨੀ ਹੱਕ ਲਾਗੂ ਕਰਨ ਦੀ ਇੱਛਾ ਕਰਦੇ ਹਨ।

ਤੁਹਾਨੂੰ ਲੋੜੀਂਦੀਆਂ ਮੁਰੰਮਤਾਂ ਬਾਰੇ ਮਾਲਕ ਮਕਾਨ ਨੂੰ ਪਤਾ ਦੇਣਾ ਚਾਹੀਦਾ ਹੈ। ਤੁਹਾਨੂੰ ਸਮੱਸਿਆ ਦਾ ਵਰਣਨ ਲਿਖਣਾ ਚਾਹੀਦਾ ਹੈ ਅਤੇ ਫ਼ੋਟੋਆਂ ਵਰਗਾ ਸਬੂਤ ਇਕੱਠਾ ਕਰਨਾ ਚਾਹੀਦਾ ਹੈ, ਵਾਤਾਵਰਣੀ ਸਿਹਤ ਅਫ਼ਸਰਾਂ ਦੀ ਰਿਪੋਰਟ ਅਤੇ ਜੇ ਮੁਰੰਮਤਾਂ ਨਾ ਕਰਾਉਂਣ ਦੇ ਕਾਰਣ ਤੁਹਾਡੀ ਜਾਂ ਤੁਹਾਡੇ ਪਰਿਵਾਰ ਦੇ ਕਿਸੇ ਵਿਅਕਤੀ ਦੀ ਸਿਹਤ 'ਤੇ ਅਸਰ ਹੁੰਦਾ ਹੋਵੇ ਤਾਂ ਡਾਕਟਰੀ ਰਿਪੋਰਟਾਂ ਲੈਣੀਆਂ ਚਾਹੀਦੀਆਂ ਹਨ। ਜੇ ਮਾਲਕ ਮਕਾਨ ਫਿਰ ਵੀ ਕੰਮ ਨਹੀਂ ਕਰਵਾਉਂਦਾ, ਤਾਂ ਫਿਰ ਤੁਹਾਨੂੰ ਲੋਕਲ ਅਥੌਰਿਟੀ ਦੇ ਇਨਵਾਇਰਨਮੈਂਟਲ ਹੈੱਲਥ ਵਿਭਾਗ ਨਾਲ ਸੰਪਰਕ ਕਰਨ ਬਾਰੇ ਸੋਚਣਾ ਚਾਹੀਦਾ ਹੈ ਜਾਂ ਤੁਸੀਂ ਮਾਲਕ ਮਕਾਨ ਨੂੰ ਕੋਰਟ ਵਿਚ ਲਿਜਾ ਸਕਦੇ ਹੋ। ਜੇ ਮਾਲਕ ਮਕਾਨ ਹਾਊਜ਼ਿੰਗ ਐਸੋਸੀਏਸ਼ਨ ਵਰਗਾ ਇਕ ਰਜਿਸਟਰਡ ਸੋਸ਼ਲ ਲੈਂਡਲੌਰਡ ਜਾਂ ਇਕ ਪ੍ਰਾਈਵੇਟ ਲੈਂਡਲੌਰਡ ਹੈ ਤਾਂ ਲੋਕਲ ਅਥੌਰਿਟੀ ਉਸ ਤੋਂ ਜ਼ਬਰਦੱਸਤੀ ਕੰਮ ਕਰਵਾਉਣ ਲਈ ਕਹਿ ਸਕਦੀ ਹੈ। ਜੇ ਤੁਸੀਂ ਆਪ ਕਿਸੇ ਲੋਕਲ ਅਥੌਰਿਟੀ ਦੇ ਕਿਰਾਏਦਾਰ ਹੋ, ਤਾਂ ਤੁਹਾਨੂੰ ਅਥੌਰਿਟੀ ਦੇ ਸ਼ਿਕਾਇਤ ਕਰਨ ਦੇ ਢੰਗ ਵਰਤਦਿਆਂ ਸ਼ਿਕਾਇਤ ਕਰਨੀ ਚਾਹੀਦੀ ਹੈ।

ਜਦ ਤਕ ਤੁਸੀਂ ਮੁਰੰਮਤਾਂ ਕਰਵਾਉਣ ਦਾ ਜਤਨ ਕਰ ਰਹੇ ਹੋਵੋ, ਤੁਹਾਨੂੰ ਕਿਰਾਇਆ ਦਿੰਦੇ ਰਹਿਣਾ ਚਾਹੀਦਾ ਹੈ ਕਿਉਂਕਿ ਜੇ ਕਿਰਾਇਆ ਬਕਾਇਆ ਰਹਿੰਦਾ ਹੋਵੇ, ਤਾਂ ਮਾਲਕ ਮਕਾਨ ਤੁਹਾਨੂੰ ਕੱਢਣ ਦਾ ਜਤਨ ਕਰ ਸਕਦਾ ਹੈ।

Copyright © 2002 Citizens Advice All rights reserved
Registered charity no: 279057 Company no: 1436945 England

ਮੈਂ ਇਕ ਲੀਜ਼ਹੋਲਡਰ ਹਾਂ ਅਤੇ ਮੈਂ ਸਾਲਾਨਾ ਸਰਵਿਸ ਚਾਰਜ ਭਰਦੀ ਹਾਂ। ਫ਼ਰੀਹੋਲਡਰ ਇਮਾਰਤ ਦੀ ਮੁਰੰਮਤ ਦਾ ਖ਼ਰਚ ਪੂਰਾ ਕਰਨ ਲਈ ਆਪਣਾ ਚਾਰਜ ਵਧਾਉਣਾ ਚਾਹੁੰਦਾ ਹੈ। ਕੀ ਮੈਨੂੰ ਇਹ ਦੇਣਾ ਪਵੇਗਾ ?

ਲੀਜ਼ ਇੱਕ ਕਾਨੂੰਨੀ ਠੇਕਾ (ਕੌਨਟ੍ਰੈਕਟ) ਹੈ ਅਤੇ ਤੁਹਾਡੇ ਕੋਲੋਂ ਉਹੀ ਚਾਰਜ (ਖ਼ਰਚਾ) ਲਿਆ ਜਾ ਸਕਦਾ ਹੈ ਜੋ ਖ਼ਾਸ ਤੌਰ 'ਤੇ ਲੀਜ਼ ਵਿਚ ਲਿਖਿਆ ਹੋਵੇ। ਤੁਹਾਨੂੰ ਚੈੱਕ ਕਰਨਾ ਚਾਹੀਦਾ ਹੈ ਕਿ ਤੁਹਾਨੂੰ ਕਿਸ ਚੀਜ਼ ਲਈ ਅਤੇ ਕਿੰਨਾ ਚਾਰਜ ਕੀਤਾ ਜਾ ਸਕਦਾ ਹੈ।

ਜੇ ਤੁਹਾਡੀ ਲੀਜ਼ ਕਹਿੰਦੀ ਹੈ ਕਿ ਗ੍ਰਾਉਂਡ ਰੈਂਟ ਦੇ ਨਾਲ ਨਾਲ ਤੁਹਾਨੂੰ ਕੁੱਝ ਸੇਵਾਵਾਂ, ਮੁਰੰਮਤਾਂ, ਦੇਖ ਰੇਖ, ਬੀਮੇ ਜਾਂ ਪ੍ਰਬੰਧ ਕਰਨ ਦੇ ਖ਼ਰਚਿਆਂ ਦਾ ਖ਼ਰਚਾ ਦੇਣਾ ਜ਼ਰੂਰੀ ਹੈ, ਤਾਂ ਕਾਨੂੰਨ ਤੁਹਾਨੂੰ ਕੁੱਝ ਇਕ ਹੱਕ ਦਿੰਦਾ ਹੈ। ਇਨ੍ਹਾਂ ਹੱਕਾਂ ਵਿਚ ਜਿਨ੍ਹਾਂ ਕੀਮਤਾਂ 'ਤੇ ਇਹ ਚਾਰਜ ਆਧਾਰਤ ਹੈ ਉਨ੍ਹਾਂ ਦਾ ਖ਼ੁਲਾਸਾ ਦਿੱਤੇ ਜਾਣ ਦਾ ਹੱਕ, ਚਾਰਜ ਦਾ ਅਕਾਉਂਟ ਅਤੇ ਰਸੀਦਾਂ ਦੇਖਣ ਦਾ ਹੱਕ, ਵੱਡੀਆਂ ਨਾਜ਼ਰੂਰੀ ਮੁਰੰਮਤਾਂ ਕਰਨ ਬਾਰੇ ਸਲਾਹ ਮਸ਼ਵਰਾ ਕਰਨ ਦਾ ਹੱਕ ਅਤੇ ਨਜਾਇਜ਼ ਚਾਰਜਾਂ ਨੂੰ ਚੁਣੌਤੀ ਦੇਣ ਦਾ ਹੱਕ ਸ਼ਾਮਲ ਹੈ।

ਜੇ ਤੁਹਾਨੂੰ ਕਿਸੇ ਇਹੋ ਜਿਹੀ ਚੀਜ਼ ਦੇ ਪੈਸੇ ਦੇਣ ਲਈ ਕਿਹਾ ਜਾਂਦਾ ਹੈ ਜੋ ਤੁਹਾਡੀ ਲੀਜ਼ ਵਿਚ ਸ਼ਾਮਿਲ ਨਹੀਂ ਹੈ ਜਾਂ ਤੁਸੀਂ ਸੋਚਦੇ ਹੋ ਕਿ ਉਹ ਚਾਰਜ ਬਹੁਤ ਜ਼ਿਆਦਾ ਹੈ ਤਾਂ ਤੁਹਾਨੂੰ ਫ਼ਰੀਹੋਲਡਰ ਨੂੰ ਲਿਖ਼ ਕੇ ਇਹ ਸਮਝਾਉਂਣਾ ਚਾਹੀਦਾ ਹੈ ਕਿ ਤੁਸੀਂ ਕਿਉਂ ਸੋਚਦੇ ਹੋ ਕਿ ਇਹ ਚਾਰਜ ਗ਼ਲਤ ਹੈ। ਜੇ ਤੁਸੀਂ ਉਸ ਦੇ ਜਵਾਬ ਨਾਲ ਸੰਤੁਸ਼ਟ ਨਾ ਹੋਵੋ, ਤਾਂ ਇਸ ਰਕਮ ਨੂੰ ਚੁਣੌਤੀ ਦੇਣ ਲਈ ਤੁਸੀਂ ਲੀਜ਼ਹੋਲਡ ਵੈਲਯੂਏਸ਼ਨ ਟ੍ਰਾਈਬਜੁਨਲ ਨੂੰ ਬੇਨਤੀ ਕਰ ਸਕਦੇ ਹੋ। ਤੁਸੀਂ ਇਹ ਚੁਣੌਤੀ ਉਸ ਵੇਲੇ ਦੇ ਸਕਦੇ ਹੋ ਜਿਸ ਵੇਲੇ ਕੰਮ ਕੀਤੇ ਜਾਣ ਦਾ ਪ੍ਰਸਤਾਵ ਦਿੱਤਾ ਜਾਂਦਾ ਹੈ ਜਾਂ ਜਦ ਤੁਹਾਨੂੰ ਬਿੱਲ ਮਿਲਦਾ ਹੈ, ਪਰ ਉਸ ਵੇਲੇ ਨਹੀਂ ਜਦ ਤੁਸੀਂ ਪਹਿਲਾਂ ਹੀ ਪੈਸਿਆਂ ਦੀ ਅਦਾਇਗੀ ਕਰਨ ਲਈ ਰਾਜ਼ੀ ਹੋ ਚੁੱਕੇ ਹੋਵੋ।

ਹੋ ਸਕਦਾ ਹੈ ਤੁਸੀਂ ਅਤੇ ਤੁਹਾਡੇ ਬਲੌਕ ਦੇ ਹੋਰ ਲੀਜ਼ਹੋਲਡਰ ਕਿਰਾਏਦਾਰਾਂ ਜਾਂ ਰਿਹਾਇਸ਼ੀਆਂ ਦੀ (ਟੈਨੈਂਟਸ ਜਾਂ ਰੈਜ਼ੀਡੈਂਟਸ) ਐਸੋਸੀਏਸ਼ਨ ਬਣਾਉਣ ਅਤੇ ਉਸ ਐਸੋਸੀਏਸ਼ਨ ਰਾਹੀਂ ਫ਼ਰੀਹੋਲਡਰ ਨਾਲ ਸਮਝੌਤਾ ਕਰਨ ਦੀ ਇੱਛਾ ਰੱਖਦੇ ਹੋਵੋ।

Copyright © 2002 Citizens Advice All rights reserved
Registered charity no: 279057 Company no: 1436945 England

ਮੈਂ ਆਪਣਾ ਫ਼ਲੈਟ ਪ੍ਰਾਈਵੇਟ ਕਿਰਾਏ ’ ਤੇ ਲਿਆ ਹੋਇਆ ਹੈ ਅਤੇ ਮਕਾਨ ਮਾਲਕ ਕਿਰਾਇਆ ਵਧਾਉਣਾ ਚਾਹੁੰਦਾ ਹੈ। ਕੀ ਉਹ ਇੰਝ ਕਰ ਸਕਦਾ ਹੈ ?

ਇਹ ਸੱਭ ਤੁਹਾਡੇ ਕਿਰਾਏਦਾਰੀ ਦੇ (ਸਮਝੌਤੇ) ਐਗਰੀਮੈਂਟ ਦੀ ਕਿਸਮ ’ਤੇ ਨਿਰਭਰ ਕਰਦਾ ਹੈ।

ਜੇ ਤੁਹਾਡੀ ਕਿਰਾਏਦਾਰੀ ਇਕ ਨਿਸਚਿਤ ਸਮੇਂ (ਉਦਾਹਰਣ ਲਈ ਛੇ ਮਹੀਨੇ) ਲਈ ਹੈ, ਤਾਂ ਇਸ ਨਿਸਚਿਤ ਸਮੇਂ ਲਈ ਕਿਰਾਇਆ ਵਧਾਇਆ ਨਹੀਂ ਜਾ ਸਕਦਾ, ਜਦ ਤੱਕ ਕਿ ਐਗਰੀਮੈਂਟ ਕਹਿੰਦਾ ਨਹੀਂ ਕਿ ਵਧਾਇਆ ਜਾ ਸਕਦਾ ਹੈ ਜਾਂ ਤੁਸੀਂ ਇਸ ਬੜ੍ਹੌਤੀ ਲਈ ਰਾਜ਼ੀ ਨਹੀਂ ਹੁੰਦੇ। ਜਦ ਇਹ ਨਿਸਚਿਤ ਸਮਾਂ ਖ਼ਤਮ ਹੋ ਜਾਂਦਾ ਹੈ ਤਾਂ ਮਕਾਨ ਮਾਲਕ ਤੁਹਾਨੂੰ ਕਿਰਾਏਦਾਰੀ ਦੇ ਇਕ ਨਵੇਂ ਐਗਰੀਮੈਂਟ ’ਤੇ ਦਸਤਖ਼ਤ ਕਰਨ ਲਈ ਕਹਿ ਸਕਦਾ ਹੈ, ਜੋ ਵਧੇਰੇ ਕਿਰਾਇਆ ਚਾਰਜ ਕਰਦਾ ਹੈ।

ਜੇ ਤੁਹਾਡੀ ਕਿਰਾਏਦਾਰੀ ਇਕ ਨਿਸਚਿਤ ਸਮੇਂ ਲਈ ਨਹੀਂ ਹੈ, ਤਾਂ ਜੇ ਤੁਸੀਂ ਇਸ ਬੜ੍ਹੌਤੀ ਲਈ ਰਾਜ਼ੀ ਹੁੰਦੇ ਹੋ ਜਾਂ ਐਗਰੀਮੈਂਟ ਇਜਾਜ਼ਤ ਦਿੰਦਾ ਹੋਵੇ ਜਾਂ ਤੁਹਾਨੂੰ ਠੀਕ ਲਿਖ਼ਤੀ ਨੋਟਿਸ ਦਿੰਦਿਆਂ ਮਕਾਨ ਮਾਲਕ ਕਿਰਾਇਆ ਵਧਾ ਸਕਦਾ ਹੈ। ਜੇ ਐਗਰੀਮੈਂਟ ਬੜ੍ਹੌਤੀ ਦੀ ਇਜਾਜ਼ਤ ਦਿੰਦਾ ਹੋਵੇ, ਤਾਂ ਇਹ ਦੱਸਿਆ ਹੋਣਾ ਚਾਹੀਦਾ ਕਿ ਕਦੋਂ (ਉਦਾਹਰਣ ਲਈ ਸਾਲਾਨਾ) ਅਤੇ ਕਿੰਨਾ ਅਤੇ ਕਿਵੇਂ ਹੋਣਾ ਚਾਹੀਦਾ ਹੈ।

ਜੇ ਤੁਸੀਂ ਸੋਚਦੇ ਹੋ ਕਿ ਬੜ੍ਹੌਤੀ ਦੀ ਰਕਮ ਬਹੁਤ ਜ਼ਿਆਦਾ ਹੈ ਜਾਂ ਬੜ੍ਹੌਤੀ ਕਰਨ ਲਈ ਨੋਟਿਸ ਠੀਕ ਤਰ੍ਹਾਂ ਨਹੀਂ ਸੀ ਦਿੱਤਾ ਗਿਆ ਤਾਂ ਕੁੱਝ ਇਕ ਹਾਲਤਾਂ ਵਿਚ ਕੀਤੀ ਬੜ੍ਹੌਤੀ ਦੇ ਖ਼ਿਲਾਫ਼ ਅਪੀਲ ਕਰ ਸਕਦੇ ਹੋ। ਜੇ ਤੁਸੀਂ ਵਧਾਇਆ ਗਿਆ ਕਿਰਾਇਆ ਦੇਣਾ ਸ਼ੁਰੂ ਕਰ ਦਿੰਦੇ ਹੋ ਤਾਂ ਇਸ ਦਾ ਮਤਲਬ ਹੈ ਕਿ ਤੁਸੀਂ ਇਸ ਨਾਲ ਰਾਜ਼ੀ ਹੋ ਤਾਂ ਤੁਸੀਂ ਇਸ ਦੇ ਖ਼ਿਲਾਫ਼ ਅਪੀਲ ਨਹੀਂ ਕਰ ਸਕਦੇ।

ਕੁੱਝ ਇਕ ਕਿਰਾਏਦਾਰਾਂ ਨੂੰ ਘਰੋਂ ਕੱਢੇ ਜਾਣ ਤੋਂ ਬਹੁਤ ਘੱਟ ਸੁਰੱਖਿਆ ਹੁੰਦੀ ਹੈ ਅਤੇ ਜੇ ਉਹ ਕਿਰਾਏ ਦੀ ਦਿੱਤੀ ਜਾਣ ਵਾਲੀ ਰਕਮ ਬਾਰੇ ਆਪਣੇ ਮਕਾਨ ਮਾਲਕ ਨਾਲ ਸਿਹਮਤ ਨਹੀਂ ਹੁੰਦੇ, ਤਾਂ ਉਨ੍ਹਾਂ ਨੂੰ ਘਰੋਂ ਕੱਢੇ ਜਾਣ ਦਾ ਖ਼ਤਰਾ ਹੁੰਦਾ ਹੈ।

ਜੇ ਤੁਸੀਂ ਆਪਣਾ ਕਿਰਾਇਆ ਦੇਣ ਦੀ ਸਮਰੱਥਾ ਨਹੀਂ ਰੱਖਦੇ, ਤਾਂ ਹੋ ਸਕਦਾ ਹੈ ਕਿ ਤੁਸੀਂ ਹਾਊਜ਼ਿੰਗ ਬੈਨਿਫ਼ਿਟ ਕਲੇਮ ਕਰਨ ਦੇ ਯੋਗ ਹੋਵੋ।

Copyright © 2002 Citizens Advice All rights reserved
Registered charity no: 279057 Company no: 1436945 England

ਮੈਂ ਇਕ ਘਰ ਖ਼ਰੀਦਣ ਲਈ ਮੌਰਟਗੇਜ ਲੈਣੀ ਚਾਹੁੰਦਾ ਹਾਂ। ਮੈਨੂੰ ਕੀ ਜਾਣਨੇ ਦੀ ਲੋੜ ਹੈ?

ਮੌਰਟਗੇਜਾਂ ਦੀ ਅਦਾਇਗੀ ਦੀਆਂ ਦੋ ਮੂਲ ਕਿਸਮਾ ਹਨ, ਇੱਕ ਰੀਪੇਅਮੈਂਟ ਅਤੇ ਦੂਜੀ ਇੰਟਰੈੱਸਟ-ਓਨਲੀ (ਕੇਵਲ ਬਿਆਜ ਭਰਨਾ)।
ਜੇ ਤੁਹਾਡੀ ਰੀਪੇਮੈਂਟ ਮੌਰਟਗੇਜ ਹੈ ਤਾਂ ਨੇਮਤ ਮਾਂਹਵਾਰ ਕਿਸ਼ਤਾਂ ਰਾਹੀਂ ਤੁਸੀਂ ਹਰੇਕ ਮਹੀਨੇ ਉਧਾਰ ਲਈ ਰਕਮ (ਮੂਲ ਧੰਨ) ਦੇ ਨਾਲ ਨਾਲ ਬਿਆਜ ਦੀ ਰਕਮ ਵਾਪਸ ਕਰਦੇ ਹੋ। ਇਹ ਅਦਾਇਗੀਆਂ ਇਕ ਨਿਸ਼ਚਤ ਸਮੇਂ ਲਈ ਕੀਤੀਆਂ ਜਾਂਦੀਆਂ ਹਨ, ਜਿਸ ਨੂੰ ਮੌਰਟਗੇਜ ਦੀ ਅਵਧੀ (ਟਰਮ) ਆਖ਼ਦੇ ਹਨ।

ਜੇ ਇੰਟਰੈੱਸਟ-ਓਨਲੀ ਮੌਰਟਗੇਜ ਹੈ, ਤਾਂ ਉਧਾਰ ਲਈ ਹੋਈ ਰਕਮ ਸਾਰੇ ਨਿਸ਼ਚਤ ਸਮੇਂ (ਟਰਮ) ਲਈ ਉਸੇ ਤਰ੍ਹਾਂ ਖੜੀ ਰਹਿੰਦੀ ਹੈ। ਤੁਸੀਂ ਹਰੇਕ ਮਹੀਨੇ ਮਾਂਹਵਾਰ ਕਿਸ਼ਤਾਂ ਰਾਹੀਂ ਸਾਰੇ ਨਿਸ਼ਚਤ ਸਮੇਂ (ਟਰਮ) ਲਈ ਪੂਰੀ ਰਕਮ 'ਤੇ ਬਿਆਜ ਭਰਦੇ ਹੋ। ਇਸ ਦੇ ਨਾਲ ਨਾਲ ਇਕ ਇਨਡਾਓਮੈਂਟ ਪੌਲਿਸੀ, ਪੈਨਸ਼ਨ ਜਾਂ ਇਕ ਆਈ.ਐਸ.ਏ (ISA) ਵਰਗੀ ਪੂੰਜੀ ਲਾਉਣ ਦੀ ਸਕੀਮ ਵਿਚ ਪੈਸੇ ਭਰਦੇ ਹੋ। ਮੌਰਟਗੇਜ ਦੀ ਅਵਧੀ (ਟਰਮ) ਦੇ ਅੰਤ ਵਿਚ ਇਸ ਸਕੀਮ ਵਿਚੋਂ ਮੂਲ ਧੰਨ ਜੋ ਉਧਾਰ ਲਿਆ ਗਿਆ ਸੀ, ਵਾਪਸ ਕਰਨ ਲਈ ਉਹ ਪੈਸੇ ਵਰਤੇ ਜਾਂਦੇ ਹਨ। ਜੇ ਲਾਈ ਪੂੰਜੀ ਚੰਗੇ ਪੈਸੇ ਕਮਾਉਂਦੀ ਹੈ ਤਾਂ ਮੌਰਟਗੇਜ ਪੂਰੀ ਭਰਨ ਦੇ ਨਾਲ ਨਾਲ ਹੋ ਸਕਦਾ ਹੈ ਕਿ ਉਧਾਰ ਲੈਣ ਵਾਲੇ ਨੂੰ ਰਕਮ ਦੀ ਇਕ ਬੱਝੀ ਅਦਾਇਗੀ ਵਾਪਸ ਮਿਲ ਜਾਵੇ ਜਾਂ ਪੈਨਸ਼ਨ ਜਾਂ ਇਕ ਨੇਮਤ ਆਮਦਨ ਮਿਲ ਜਾਵੇ। ਪਰ ਇੰਜ ਵੀ ਹੋ ਸਕਦਾ ਹੈ ਕਿ ਜੇ ਲਾਈ ਪੂੰਜੀ ਕਾਫ਼ੀ ਨਾ ਵੱਧੇ ਤਾਂ ਹੋ ਸਕਦਾ ਹੈ ਮੌਰਟਗੇਜ ਪੂਰੀ ਭਰਨ ਲਈ ਪੈਸੇ ਪੂਰੇ ਨਾ ਹੋਣ।

ਮੌਰਟਗੇਜ ਕੋਈ ਵੀ ਇਕ ਬੰਦਾ ਜਾਂ ਦੋ, ਤਿੰਨ, ਜਾਂ ਚਾਰ ਵਿਅਕਤੀ ਸਾਂਝੀ ਲੈ ਸਕਦੇ ਹਨ। ਸਾਂਝੇ ਉਧਾਰ ਲੈਣ ਵਾਲੇ ਸਾਰੇ ਵਿਅਕਤੀ ਅਦਾਇਗੀ ਕਰਨ ਦੇ ਜ਼ਿੰਮੇਵਾਰ ਹੁੰਦੇ ਹਨ, ਜਿਸ ਦਾ ਮਤਲਬ ਹੈ ਕਿ ਜੇ ਇਕ ਬੰਦਾ ਅਦਾਇਗੀ ਨਹੀਂ ਕਰਦਾ ਜਾਂ ਨਹੀਂ ਕਰ ਸਕਦਾ ਤਾਂ ਦੂਜੇ ਉਧਾਰ ਲੈਣ ਵਾਲਿਆਂ ਨੂੰ ਪੂਰੀ ਦੀ ਪੂਰੀ ਰਕਮ ਵਾਪਸ ਕਰਨੀ ਪਵੇਗੀ। ਜੇ ਕੋਈ ਉਧਾਰ ਲੈਣ ਵਾਲਾ ਜਾਂ ਲੈਣ ਵਾਲੇ ਨੇਮਤ ਅਦਾਇਗੀਆਂ ਨਹੀਂ ਕਰਦੇ ਤਾਂ ਮੌਰਟਗੇਜ ਦੇ ਐਗਰੀਮੈਂਟ ਦੇ ਮੁਤਾਬਕ ਉਧਾਰ ਦੇਣ ਵਾਲਾ ਪ੍ਰੌਪਰਟੀ ਦਾ ਕਬਜ਼ਾ ਲੈਣ ਲਈ ਕੋਰਟ ਨੂੰ ਕਹਿ ਸਕਦਾ ਹੈ ਤੇ ਬਕਾਇਆ ਪੈਸਾ ਵਸੂਲ ਕਰਨ ਲਈ ਉਸ ਨੂੰ ਵੇਚਿਆ ਜਾਵੇਗਾ।

Copyright © 2002 Citizens Advice All rights reserved
Registered charity no: 279057 Company no: 1436945 England

ਜਿਹੜੇ ਬਲੌਕ ਔਫ਼ ਫ਼ਲੈਟਸ ਵਿਚ ਮੈਂ ਰਹਿੰਦਾ ਹਾਂ ਉਸ ਨੂੰ ਚਲਾਉਂਣ ਬਾਰੇ ਮੈਂ ਆਪਣੇ ਵਿਚਾਰ ਪ੍ਰਗਟ ਕਰਨਾ ਚਾਹੁੰਦਾ ਹਾਂ। ਮੈਂ ਇਹ ਕਿਸ ਤਰ੍ਹਾਂ ਕਰ ਸਕਦਾ ਹਾਂ ?

ਜੇ ਤੁਸੀਂ ਇੱਕ ਲੀਜ਼ਹੋਲਡਰ ਹੋ, ਜਾਂ ਲੀਜ਼ਹੋਲਡਰਜ਼ ਦੇ ਇੱਕ ਗਰੁੱਪ ਵਿਚ ਹੋ ਅਤੇ ਆਪਣੇ ਫਲੈਟਸ ਦੀ ਦੇਖਭਾਲ ਜਾਂ ਮਾਲਕੀ ਹਾਸਲ ਕਰਨਾ ਚਾਹੁੰਦੇ ਹੋ ਤਾਂ ਇਸ ਤਰ੍ਹਾਂ ਕਰਨ ਲਈ ਕਈ ਤਰ੍ਹਾਂ ਦੇ ਤ੍ਰੀਕੇ ਹਨ। ਸਭ ਤੋਂ ਪਹਿਲਾਂ, ਤੁਹਾਨੂੰ ਸ਼ਾਇਦ ਆਪਣੀਆਂ ਪ੍ਰੌਪਰਟੀਆਂ ਨੂੰ ਫ਼ਰੀਹੋਲਡ ਦੇ ਤੌਰ ਤੇ ਖਰੀਦਣਾ ਪਵੇ ਅਤੇ ਬਿਲਡਿੰਗ ਦੀ ਦੇਖਭਾਲ ਦੇ ਕੰਮ ਦੀ ਜ਼ਿੰਮੇਵਾਰੀ ਲੈਣੀ ਪਵੇ। ਜਿੱਥੇ ਤੁਹਾਨੂੰ ਫ਼ਰੀਹੋਲਡ ਖਰੀਦਣੇ ਦਾ ਹੱਕ ਨਾ ਵੀ ਹੋਵੇ, ਪਰ ਜੇ ਫ਼ਰੀਹੋਲਡਰ ਵੇਚਣ ਦਾ ਫ਼ੈਸਲਾ ਕਰ ਵੀ ਲੈਂਦਾ ਹੈ ਤਾਂ ਤੁਹਾਨੂੰ ਖ਼ਰੀਦਣੇ ਲਈ ਪਹਿਲੀ ਵਾਰੀ ਨਾਂਹ ਕਰਨੇ ਦਾ ਹੱਕ ਹੈ।

ਜੇ ਤੁਸੀਂ ਲੀਜ਼ਹੋਲਡਰਜ਼ ਦੇ ਗਰੁੱਪ ਵਿਚੋਂ ਹੋ ਜੋ ਫ਼ਲੈਟਸ ਦੀ ਦੇਖਭਾਲ ਦਾ ਇੰਤਜ਼ਾਮ ਆਪ ਕਰਨਾ ਚਾਹੁੰਦੇ ਹਨ (ਫ਼ਰੀਹੋਲਡ ਮਾਲਕੀ ਤੋਂ ਇਲਾਵਾ) ਤਾਂ ਤੁਹਾਨੂੰ ਇੱਕ "ਰਾਈਟ ਟੂ ਮੈਨੇਜ" ਕੰਪਨੀ ਸ਼ੁਰੂ ਕਰਨੇ ਦਾ ਹੱਕ ਹੋ ਸਕਦਾ ਹੈ। ਇਸ ਕੰਪਨੀ ਨੂੰ ਭਵਿੱਖ ਵਿਚ ਵੀ ਫ਼ਰੀਹੋਲਡ ਖ਼ਰੀਦਣ ਲਈ ਵਰਤਿਆ ਜਾ ਸਕਦਾ ਹੈ। ਲੀਜ਼ਹੋਲਡਰਜ਼ ਦਾ ਇੱਕ ਗਰੁੱਪ ਆਪਣੇ ਫ਼ਲੈਟਸ ਨੂੰ ਸ਼ਾਇਦ ਸਾਂਝੀ ਮਾਲਕੀ (ਕੌਮਨਹੋਲਡ ਓਨਰਸ਼ਿੱਪ) ਵਿਚ ਬਦਲ ਸੱਕੇ, ਜਿੰਨੀ ਦੇਰ ਤੱਕ ਸਭ ਪਾਰਟੀਆਂ ਸਹਿਮਤ ਹੁੰਦੀਆਂ ਹਨ, ਜਿਸ ਵਿਚ ਫ਼ਰੀਹੋਲਡਰ ਵੀ ਸ਼ਾਮਿਲ ਹੈ।

ਅਖ਼ੀਰ ਵਿਚ, ਜੇ ਤੁਸੀਂ ਮੈਨੇਜਿੰਗ ਏਜੰਟ ਨੂੰ ਬਦਲਣਾ ਚਾਹੁੰਦੇ ਹੋ ਤਾਂ ਤੁਸੀਂ ਲੀਜ਼ਹੋਲਡ ਵੈਲਿਉਏਸ਼ਨ ਟ੍ਰਾਈਬਿਊਨਲ ਨੂੰ ਇੱਕ ਨਵਾਂ ਏਜੰਟ ਨਿਯੁਕਤ ਕਰਨੇ ਲਈ ਕਹਿ ਸਕਦੇ ਹੋ।

Copyright © 2002 Citizens Advice All rights reserved
Registered charity no: 279057 Company no: 1436945 England

ਮੇਰੇ ਪਾਸ ਐਨਡਾਓਮੈਂਟ ਮੌਰਟਗੇਜ ਹੈ ਅਤੇ ਮੈਨੂੰ ਦੱਸਿਆ ਗਿਆ ਹੈ ਕਿ ਮੇਰੀ ਮੌਰਟਗੇਜ ਦੀ ਟਰਮ ਖ਼ਤਮ ਹੋਣ ਤੇ ਮੇਰੇ ਪਾਸ ਇੰਨੇ ਪੈਸੇ ਨਹੀਂ ਹੋਣਗੇ ਕਿ ਮੈਂ ਮਕਾਨ ਦੇ ਪੈਸੇ ਚੁੱਕਾ ਸਕਾਂ। ਮੈਂ ਕੀ ਕਰ ਸਕਦਾ ਹਾਂ ?

ਯੂ ਕੇ ਵਿਚ 10 ਮਿਲੀਅਨ (1 ਕਰੋੜ) ਤੋਂ ਉਪਰ ਐਨਡਾਓਮੈਂਟ ਪੋਲਿਸੀਆਂ ਹਨ ਜੋ ਮੌਰਟਗੇਜਿਜ਼ ਨਾਲ ਸੰਬੰਧਿਤ ਹਨ। ਐਨਡਾਓਮੈਂਟ ਮੌਰਟਗੇਜ ਦੋ ਹਿੱਸਿਆਂ ਵਿਚ ਹੁੰਦੀ ਹੈ, ਇੱਕ ਹਿੱਸਾ ਸਿਰਫ਼ ਮੌਰਟਗੇਜ ਦਾ ਬਿਆਜ (ਇੰਨਟਰੈਸਟ ਓਨਲੀ) ਵਾਪਸ ਕਰਨ ਦੀ ਅਤੇ ਦੂਸਰਾ ਇੰਨਵੈਸਟਮੈਂਟ (ਐਨਡਾਓਮੈਂਟ ਪੌਲਿਸੀ) ਦੀ ਮਿਲ ਕੇ ਬਣੀ ਹੋਈ ਹੁੰਦੀ ਹੈ। ਮੌਰਟਗੇਜ ਦੇ ਪੂਰੇ ਵਕਤ (ਆਮ ਤੌਰ ਤੇ 20 ਜਾਂ 25 ਸਾਲ) ਦੇ ਦੌਰਾਨ ਤੁਹਾਡੀ ਮੌਰਟਗੇਜ ਦੇ ਪੈਸੇ ਉਧਾਰ ਦੇਣ ਵਾਲੇ (ਲੈਂਡਰ) ਨੂੰ ਬਿਆਜ ਦਿੱਤਾ ਜਾਂਦਾ ਹੈ ਅਤੇ ਹਰ ਮਹੀਨੇ ਤੁਹਾਡੀ ਮੌਰਟਗੇਜ ਦੀ ਪੌਲਿਸੀ ਲਈ ਐਨਡਾਓਮੈਂਟ ਦੀ ਕਿੱਸ਼ਤ ਦਿੱਤੀ ਜਾਂਦੀ ਹੈ। ਐਨਡਾਓਮੈਂਟ ਦੀਆਂ ਕਿੱਸ਼ਤਾਂ ਇਸ ਇਰਾਦੇ ਨਾਲ ਦਿੱਤੀਆਂ ਜਾਂਦੀਆਂ ਹਨ ਤਾਂ ਕਿ ਉਹਨਾਂ ਦੇ ਜ਼ਰੀਏ ਇੰਨੀ ਪੂੰਜੀ ਜਮ੍ਹਾ ਹੋ ਜਾਏ ਤਾਂ ਕਿ ਮੌਰਟਗੇਜ ਦੀ ਟਰਮ ਖ਼ਤਮ ਹੋਣ ਤੇ ਮੌਰਟਗੇਜ ਦੇ ਸਾਰੇ ਪੈਸੇ ਲਾਹੇ ਜਾ ਸੱਕਣ। ਜੇ ਤੁਹਾਡੀ ਐਨਡਾਓਮੈਂਟ ਪੌਲਿਸੀ ਇਸ ਲੱਕਸ਼ ਤੱਕ ਨਹੀਂ ਪਹੁੰਚ ਸਕਦੀ ਤਾਂ ਤੁਹਾਡੇ ਕੋਲ ਪੈਸੇ ਘੱਟ ਜਾਣਗੇ ਅਤੇ ਤੁਹਾਨੂੰ ਮੌਰਟਗੇਜ ਦੇ ਮੂਲ ਧਨ ਦਾ ਦੇਣੇ ਵਾਲਾ ਹਿੱਸਾ ਕਿਸੇ ਹੋਰ ਤ੍ਰੀਕੇ ਨਾਲ ਦੇਣਾ ਪਵੇਗਾ।

ਬਹੁਤ ਸਾਰੇ ਲੋਕਾਂ ਨੂੰ ਗਲਤ ਐਨਡਾਓਮੈਂਟ ਪੌਲਿਸੀਆਂ ਵੇਚੀਆਂ ਗਈਆਂ ਸਨ, ਕਿਉਂਕਿ ਉਹ ਪੌਲਿਸੀ ਉਹਨਾਂ ਲਈ ਠੀਕ ਨਹੀਂ ਸੀ। ਜੇ ਤੁਹਾਨੂੰ ਵੇਚੀ ਗਈ ਐਨਡਾਓਮੈਂਟ ਪੌਲਿਸੀ ਤੁਹਾਡੇ ਲਈ ਠੀਕ ਨਾ ਹੋਵੇ ਤਾਂ ਇਸ ਦੇ ਕਈ ਕਾਰਨ ਹੋ ਸਕਦੇ ਹਨ, ਪਰ ਆਮ ਤੌਰ ਤੇ ਜੇ ਤੁਹਾਡੀ ਮੌਰਟਗੇਜ ਦੇ ਪੈਸੇ ਵਾਪਸ ਦੇਣ ਲਈ ਤੁਹਾਨੂੰ ਉਹਨਾਂ ਖ਼ਤਰਿਆਂ ਬਾਰੇ ਨਾ ਦੱਸਿਆ ਗਿਆ ਹੋਵੇ, ਜੋ ਇੰਨਵੈਸਟਮੈਂਟ ਪੌਲਿਸੀ ਵਰਤਣ ਦੇ ਜ਼ਰੀਏ ਪੈਦਾ ਹੋ ਸਕਦੇ ਹਨ ਤਾਂ ਤੁਸੀਂ ਇਸ ਬੁਨਿਆਦ ਤੇ ਸ਼ਿਕਾਇਤ ਕਰ ਸਕਦੇ ਹੋ। ਸ਼ਿਕਾਇਤ ਕਰਨੀ ਜ਼ਰੂਰੀ ਹੈ ਕਿਉਂਕਿ ਹੋ ਸਕਦਾ ਹੈ ਕਿ ਤੁਸੀਂ ਕਿਸੇ ਤਰ੍ਹਾਂ ਦੇ ਮੁਆਵਜ਼ੇ ਦੇ ਹੱਕਦਾਰ ਹੋਵੋ। ਐਨਡਾਓਮੈਂਟ ਮੌਰਟਗੇਜਿਜ਼ ਦੀਆਂ ਸਮੱਸਿਆਵਾਂ ਬਾਰੇ ਵਧੇਰੇ ਜਾਣਕਾਰੀ ਲਈ ਫ਼ਾਈਨੈਨਸ਼ਿਅਲ ਸਰਵਿਸਿਜ਼ ਅਥੌਰਿਟੀ ਦੀ ਹੈਲਪਲਾਈਨ ਨੂੰ 0845 606 1234 ਤੇ ਫ਼ੋਨ ਕਰੋ ਜਾਂ ਉਹਨਾਂ ਦੇ ਵੈਬਸਾਈਟ www.fsa.gov.uk ਤੇ ਜਾਓ।

Copyright © 2002 Citizens Advice All rights reserved
Registered charity no: 279057 Company no: 1436945 England